BRAMPTON Flower City
brampton.ca

media release

16 ਨਵੰਬਰ, 2018

## ਬ੍ਰੈਂਪਟਨ ਦੀ ਉਮਰ-ਅਨੁਕੂਲਿਤ ਕਾਰਜਨੀਤੀ ਬਾਰੇ ਆਪਣੀ ਰਾਏ ਦਿਓ

ਬ੍ਰੈਂਪਟਨ, ਓਨਟੈਰੀਓ – 36.5 ਦੀ ਔਸਤ ਉਮਰ ਦੇ ਨਾਲ, ਬ੍ਰੈਂਪਟਨ, ਕੈਨੇਡਾ (Canada) ਦੇ ਸਭ ਤੋਂ ਘੱਟ ਉਮਰ ਵਾਲੀ ਅਬਾਦੀ ਵਾਲੇ ਵੱਡੇ ਸ਼ਹਿਰਾਂ ਵਿੱਚੋਂ ਇੱਕ ਹੈ। ਪਰੰਤੂ ਇਸਦੀ ਬਜ਼ੁਰਗ ਅਬਾਦੀ ਵੀ ਤੇਜ਼ੀ ਨਾਲ ਵਧ ਰਹੀ ਹੈ – ਸਟੇਟਿਸਟਿਕਸ ਕੈਨੇਡਾ (Statistics Canada) ਦੇ ਮੁਤਾਬਕ, 2011 ਅਤੇ 2016 ਵਿਚਕਾਰ, ਬ੍ਰੈਂਪਟਨ ਦੀ 50+ (50 ਸਾਲ ਤੋਂ ਵੱਧ) ਅਬਾਦੀ 40 ਪ੍ਰਤੀਸ਼ਤ ਤੱਕ ਵਧੀ ਹੈ। ਇਸਲਈ ਸਿਟੀ ਬ੍ਰੈਂਪਟਨ ਨੂੰ ਜ਼ਿੰਦਗੀ ਦੇ ਹਰ ਪੜਾਅ ਤੇ ਰਹਿਣ ਵਾਸਤੇ, ਇੱਕ ਬਿਹਤਰ ਥਾਂ ਬਣਾਉਣ ਲਈ ਉਮਰ-ਅਨੁਕੂਲਿਤ ਕਾਰਜਨੀਤੀ ਵਿਕਸਿਤ ਕਰ ਰਹੀ ਹੈ।

ਬ੍ਰੈਂਪਟਨ ਦੇ 2040 ਵਿਜਨ (Brampton's 2040 Vision) ਦੀ ਹਿਮਾਇਤ ਕਰਨ ਵਾਲੀ ਇੱਕ ਮੁੱਖ ਪਹਿਲਕਦਮੀ, ਉਮਰ-ਅਨੁਕੂਲਿਤ ਕਾਰਜਨੀਤੀ ਇਹ ਯਕੀਨੀ ਬਣਾਉਣ ਵਿੱਚ ਮਦਦ ਕਰੇਗੀ ਕਿ ਨਿਵਾਸੀਆਂ ਨੂੰ ਉਹ ਸੇਵਾਵਾਂ ਅਤੇ ਸਹਿਯੋਗ ਮਿਲਦਾ ਹੈ, ਜਿਸਦੀ ਉਹਨਾਂ ਨੂੰ ਸਿਹਤਮੰਦ ਰਹਿਣ, ਸੁਰੱਖਿਅਤ ਬੁਢਾਪੇ, ਅਤੇ ਵਧੀਆ ਕਿਸਮ ਦੀ ਜ਼ਿੰਦਗੀ ਦਾ ਅਨੰਦ ਮਾਨਣ ਲਈ ਲੋੜ ਹੈ। ਇਹ ਉਮਰ-ਅਨੁਕੂਲਿਤ ਭਾਈਚਾਰਿਆਂ ਨੂੰ ਨਿਰਧਾਰਤ ਕਰਨ ਲਈ ਵਿਸ਼ਵ ਸਿਹਤ ਸੰਗਠਨ (World Health Organization) ਵੱਲੋਂ ਵਰਤੇ ਗਏ ਮੁੱਖ ਖੇਤਰਾਂ ਤੇ ਧਿਆਨ ਕੇਂਦਰਿਤ ਕਰੇਗੀ, ਜਿਹਨਾਂ ਵਿੱਚ ਸ਼ਾਮਲ ਹਨ, ਪਬਲਿਕ ਟ੍ਰਾਂਸਪੋਰਟੇਸ਼ਨ, ਘਰ, ਜਨਤਕ ਬਿਲਡਿੰਗਾਂ ਅਤੇ ਬਾਹਰਲੀਆਂ (ਆਉਟਡੋਰ) ਥਾਵਾਂ, ਰੋਜ਼ਗਾਰ, ਸਮਾਜਿਕ ਸ਼ਮੂਲੀਅਤ ਅਤੇ ਭਾਈਚਾਰਕ ਸੇਵਾਵਾਂ।

ਸਿਟੀ ਇਕੱਲਿਆਂ ਅਜਿਹਾ ਨਹੀਂ ਕਰ ਸਕਦੀ – ਅਜਿਹੀ ਕਾਰਜਨੀਤੀ ਵਿਕਸਿਤ ਕਰਨ ਲਈ, ਜੋ ਲਾਭਦਾਇਕ ਹੋਵੇ, ਲੋਕਾਂ ਦੀ ਰਾਏ ਮਹੱਤਵਪੂਰਨ ਹੈ। ਸਾਰੇ ਬ੍ਰੈਂਪਟਨ ਵਾਸੀਆਂ ਲਈ ਆਪਣੀ ਰਾਏ ਪ੍ਰਗਟ ਕਰਨ ਦੇ ਕਈ ਤਰੀਕੇ ਹਨ।

**ਵਰਕਸ਼ਾਪ ਵਿੱਚ ਹਿੱਸਾ ਲਓ।**
ਸਿਟੀ ਤਿੰਨ ਵਰਕਸ਼ਾਪਾਂ ਦਾ ਆਯੋਜਨ ਕਰ ਰਹੀ ਹੈ, ਜਿੱਥੇ ਆ ਕੇ ਨਿਵਾਸੀ ਆਪਣੇ ਵਿਚਾਰ ਸਾਂਝਾ ਕਰ ਸਕਦੇ ਹਨ ਕਿ ਬ੍ਰੈਂਪਟਨ ਕਿਸ ਤਰ੍ਹਾਂ ਵੱਧ ਉਮਰ-ਅਨੁਕੂਲਿਤ ਬਣ ਸਕਦਾ ਹੈ।

| | | |
|---|---|---|
| ਸੋਮਵਾਰ, 19 ਨਵੰਬਰ | ਸੋਮਵਾਰ, 26 ਨਵੰਬਰ | ਵੀਰਵਾਰ, 29 ਨਵੰਬਰ |
| ਸਵੇਰੇ 10 ਵਜੇ – ਦੁਪਹਿਰ 12 ਵਜੇ | ਸ਼ਾਮ 6 – 8 ਵਜੇ | ਸ਼ਾਮ 6 – 8 ਵਜੇ |
| ਚਿੰਗਕੂਜ਼ੀ ਪਾਰਕ ਸਕੀ ਚੈਲੇਟ | ਗੋਰ ਮੈਡੋਜ਼ ਕਮਿਉਨਿਟੀ ਸੈਂਟਰ | ਮਾਊਂਟ ਪਲੈਜ਼ੈਂਟ ਕਮਿਉਨਿਟੀ ਸੈਂਟਰ |
| 9050 ਬ੍ਰੈਮਲੀ ਰੋਡ | 10150 ਦ ਗੋਰ ਰੋਡ | 100 ਕਮਿਉਟਰ ਡ੍ਰਾਈਵ |
| (Chinguacousy Park Ski Chalet<br>9050 Bramalea Road) | (Gore Meadows Community Centre<br>10150 The Gore Road) | (Mount Pleasant Community Centre<br>100 Commuter Drive) |

**ਸਰਵੇਖਣ ਲਓ।**
www.brampton.ca/agefriendly ਤੇ ਜਾਓ ਜਾਂ ਕਿਸੇ ਵੀ ਬ੍ਰੈਂਪਟਨ ਲਾਇਬ੍ਰੇਰੀ (Brampton Library) ਬ੍ਰਾਂਚ ਤੋਂ ਇੱਕ ਪ੍ਰਿੰਟ ਕਾਪੀ ਲਓ। ਸਰਵੇਖਣ 7 ਦਸੰਬਰ ਤੱਕ ਉਪਲਬਧ ਰਹੇਗਾ।

BRAMPTON Flower City
brampton.ca

media release

**ਸਿੱਧੇ ਟੀਮ ਨੂੰ ਸੰਪਰਕ ਕਰੋ।**

ਆਪਣੇ ਵਿਚਾਰ agefriendly@brampton.ca ਤੇ ਈਮੇਲ ਕਰੋ ਜਾਂ 905.874.2054 ਤੇ ਫੋਨ ਕਰੋ।

**ਸੁਚੇਤ ਰਹੋ!**

ਆਉਣ ਵਾਲੇ ਮਹੀਨਿਆਂ ਵਿੱਚ ਸ਼ਾਮਲ ਕੀਤੇ ਜਾਣ ਦੇ ਹੋਰ ਮੌਕੇ ਹੋਣਗੇ, ਜਨਵਰੀ 2019 ਵਿੱਚ ਸੀਨੀਅਰਸ ਫੋਰਮ ਸਮੇਤ। ਹੋਰ ਜਾਣਨ ਲਈ, www.brampton.ca/agefriendly ਤੇ ਜਾਓ।

**ਹਵਾਲਾ**

"ਬ੍ਰੈਂਪਟਨ ਦੀ ਨਸਲੀ ਸਾਂਝ ਅਤੇ ਉਮਰ ਦੇ ਸੰਦਰਭ ਵਿੱਚ ਇਸਦੀ ਵੰਨ-ਸੁਵੰਨਤਾ ਇਸਦੀਆਂ ਮੁੱਖ ਸਮਰਥਤਾਵਾਂ ਵਿੱਚੋਂ ਇੱਕ ਹੈ। ਇਹ ਯਕੀਨੀ ਬਣਾਉਣ ਲਈ ਕਿ ਸਿਟੀ ਇਸ ਤਰ੍ਹਾਂ ਜਿਓਣ ਦਾ ਅਨੁਭਵ ਮੁਹੱਈਆ ਕਰ ਰਹੀ ਹੈ, ਜੋ ਸਾਡੇ ਨਿਵਾਸੀਆਂ ਦੀਆਂ ਇੱਛਾਵਾਂ ਅਤੇ ਲੋੜਾਂ ਨੂੰ ਦਰਸਾਉਂਦਾ ਹੈ, ਇਹ ਲਾਜ਼ਮੀ ਹੈ ਕਿ ਅਸੀਂ ਲੋਕਾਂ ਤੋਂ ਰਾਏ ਲਈਏ। ਮੈਂ ਕਾਉਂਸਿਲ ਵਿੱਚ ਉਮਰ-ਅਨੁਕੂਲਿਤ ਕਾਰਜਨੀਤੀ ਸ਼ੁਰੂ ਹੋਣ ਤੇ ਖੁਸ਼ ਸਾਂ ਅਤੇ ਮੈਨੂੰ ਇਹ ਦੇਖ ਕੇ ਮਾਣ ਹੈ ਕਿ ਅਸੀਂ ਲੋਕਾਂ ਦੀ ਰਾਏ ਲੈਣ ਦੇ ਇਸ ਪੜਾਅ ਤੇ ਪਹੁੰਚ ਗਏ ਹਾਂ। ਮੈਂ ਹਰ ਕਿਸੇ ਨੂੰ ਆਗਾਮੀ ਵਰਕਸ਼ਾਪਾਂ ਵਿੱਚ ਹਿੱਸਾ ਲੈਣ ਅਤੇ ਇਹ ਯਕੀਨੀ ਬਣਾਉਣ ਲਈ ਉਤਸ਼ਾਹਿਤ ਕਰਦੀ ਹਾਂ ਕਿ ਉਹਨਾਂ ਦੀ ਰਾਏ ਸੁਣੀ ਜਾਂਦੀ ਹੈ।"

- *ਮੇਅਰ ਲਿੰਡਾ ਜੈਫਰੀ (Linda Jeffrey)*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca